Punjab Government Gazette

Published by Authority

No. 27] CHANDIGARH, FRIDAY JULY 3, 2026 (ASADHA 12, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਗ੍ਰਹਿ ਮਾਮਲੇ ਵਿਭਾਗ

(ਗ੍ਰਹਿ –3 ਸ਼ਾਖਾ)

ਅਧਿਸੂਚਨਾ

ਮਿਤੀ 9 ਅਪ੍ਰੈਲ, 2026

ਨੰ:HOME-HM-30ESBM/92/2024-2H3 (E644768)I/1363471/2026.- ਹੇਠ ਦਰਸਾਏ ਪੀ.ਪੀ.ਐਸ. ਅਧਿਕਾਰੀਆਂ (ਉਪ ਕਪਤਾਨ ਪੁਲਿਸ) ਨੂੰ 58 ਸਾਲ ਦੀ ਉਮਰ ਮੁਕੰਮਲ ਹੋਣ ਤੇ ਮਿਤੀ 31.03.2026 (ਬਾ.ਦੁ.) ਤੋਂ ਸੇਵਾ ਨਿਵਿਰਤ ਕੀਤਾ ਜਾਂਦਾ ਹੈ:–

ਲੜੀ ਨੰ:	ਅਫਸਰ ਦਾ ਨਾਮ ਸਰਵ/ਸ਼੍ਰੀ	ਜਨਮ ਮਿਤੀ	ਅਹੁੱਦਾ/ਮੌਜੂਦਾ ਤਾਇਨਾਤੀ
1.	ਸਰਬਜੀਤ ਸਿੰਘ, ਪੀ.ਪੀ.ਐਸ., ਨੰ: 347/ਬੀ.ਆਰ., ਪੁੱਤਰ ਸ਼੍ਰੀ ਹਰਭਜਨ ਸਿੰਘ	04.03.1968	ਉਪ ਕਪਤਾਨ ਪੁਲਿਸ, ਪੀ.ਬੀ.ਆਈ., ਐਨ.ਡੀ.ਪੀ.ਐਸ.–ਕਮ–ਨਾਰਕੋਟਿਕਸ, ਮੋਗਾ।
2.	ਸਤਨਾਮ ਸਿੰਘ, ਪੀ.ਪੀ.ਐਸ., ਨੰ:35/ਜੇ.ਆਰ., ਪੁੱਤਰ ਸ਼੍ਰੀ ਜਗਜੀਤ ਸਿੰਘ	10.03.1968	ਉਪ ਕਪਤਾਨ ਪੁਲਿਸ, ਪੀ.ਬੀ.ਆਈ. ਸਪੈਸ਼ਲ ਕਰਾਈਮ, ਹੁਸ਼ਿਆਰਪੁਰ।
3.	ਸੁਖਦਰਸ਼ਨ ਸਿੰਘ, ਪੀ.ਪੀ.ਐਸ., ਨੰ:2122/ਟੀ.ਐਸ.ਐਸ., ਪੁੱਤਰ ਸ਼੍ਰੀ ਬੋਰੀਆ ਸਿੰਘ ਗਿੱਲ	22.03.1968	ਉਪ ਕਪਤਾਨ ਪੁਲਿਸ, ਪੀ.ਬੀ.ਆਈ. ਹੋਮੀਸਾਈਡ ਅਤੇ ਫੋਰੈਂਸਿਕ, ਸੰਗਰੂਰ।
4.	ਸਰਬਜੀਤ ਕੌਰ, ਪੀ.ਪੀ.ਐਸ., ਨੰ:ਟੀ.ਪੀ./134, ਪਤਨੀ ਸ਼੍ਰੀ ਬਲਵਿੰਦਰ ਸਿੰਘ ਬਾਜਵਾ	04.03.1968	ਉਪ ਕਪਤਾਨ ਪੁਲਿਸ, ਪਹਿਲੀ ਕਮਾਂਡੋ ਬਟਾਲੀਅਨ, ਬਹਾਦਰਗੜ੍ਹ,ਪਟਿਆਲਾ।
5.	ਰਾਜੇਸ਼ ਕੁਮਾਰ,ਪੀ.ਪੀ.ਐਸ., ਨੰ:417/ਪੀ.ਆਰ., ਪੁੱਤਰ ਸ਼੍ਰੀ ਬਨਾਰਸੀ ਲਾਲ ਸੱਦੀ	10.03.1968	ਉਪ ਕਪਤਾਨ ਪੁਲਿਸ, ਇੰਟੈਲੀਜੈਂਸ, ਪੰਜਾਬ,ਐਸ.ਏ.ਐਸ. ਨਗਰ।

2. ਉਕਤ ਅਧਿਕਾਰੀਆਂ ਦੀ ਸੇਵਾ ਨਿਵਿਰਤੀ ਦੇ ਹੁਕਮ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤੇ ਜਾਂਦੇ ਹਨ:-

ੳ) ਜੇਕਰ ਉਕਤ ਅਧਿਕਾਰੀਆਂ ਵਿਰੁੱਧ ਕਿਸੇ ਕਿਸਮ ਦਾ ਕੋਈ ਵੀ ਬਕਾਇਆ/ਅਨੁਸ਼ਾਸ਼ਨੀ ਕਾਰਵਾਈ/ਇਨਕੁਆਰੀ ਨਿਯਮਾਂ ਅਧੀਨ ਚੱਲਦੀ ਹੋਵੇਗੀ ਜਾਂ ਕਿਸੇ ਵੀ ਅਦਾਲਤ ਵਿੱਚ ਕੋਈ ਕੇਸ ਲੰਬਿਤ ਹੋਵੇ ਤਾਂ ਰਿਟਾਇਰਮੈਂਟ ਦੇ ਹੁਕਮਾਂ ਤੇ ਇਸਦਾ ਕੋਈ ਅਸਰ ਨਹੀਂ ਪਵੇਗਾ।

ਅ) ਜੇਕਰ ਭਵਿੱਖ ਵਿੱਚ ਕਿਸੇ ਵੀ ਸਟੇਜ ਤੇ ਉਕਤ ਅਧਿਕਾਰੀਆਂ ਵਿਰੁੱਧ ਕਿਸੇ ਕ੍ਰਿਮੀਨਲ, ਸਿਵਲ ਕੇਸ ਜਾਂ ਅਨੁਸ਼ਾਸ਼ਨੀ ਕਾਰਵਾਈ ਕਰਨ ਬਾਰੇ ਮਾਮਲਾ ਸਰਕਾਰ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਅਧਿਕਾਰੀਆਂ ਵਿਰੁੱਧ ਪੰਜਾਬ ਸਿਵਲ ਸਰਵਿਸਜ ਰੂਲਜ ਭਾਗ-2 ਦੇ ਨਿਯਮ 2.2 ਅਨੁਸਾਰ ਕਾਰਵਾਈ ਦਾ ਹੱਕ ਸਰਕਾਰ ਪਾਸ ਰਾਖਵਾਂ ਹੋਵੇਗਾ। ਇਸ ਤੋਂ ਇਲਾਵਾ ਜੇਕਰ ਉਕਤ ਅਧਿਕਾਰੀਆਂ ਵਿਰੁੱਧ ਕੋਈ ਰਿਕਵਰੀ ਕਿਸੇ ਸਟੇਜ ਤੇ ਸਾਹਮਣ ਆਉਂਦੀ ਹੈ ਤਾਂ ਉਸਦੀ ਭਰਪਾਈ ਉਹਨਾਂ ਦੇ ਰਿਟਾਇਰਮੈਂਟ ਲਾਭਾਂ (ਗਰੈਚੁਟੀ/ਪੈਨਸ਼ਨ)ਵਿੱਚੋਂ ਕਰ ਲਈ ਜਾਵੇਗੀ।

ਆਲੋਕ ਸ਼ੇਖਰ, ਆਈ.ਏ.ਐਸ,

ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,

ਗ੍ਰਹਿ ਮਾਮਲੇ ਵਿਭਾਗ।

ਚੰਡੀਗੜ੍ਹ

ਮਿਤੀ 9 ਅਪ੍ਰੈਲ, 2026

3760/6-2026/Pb. Govt. Press, S.A.S. Nagar